# ਇੰਡੀਗੋ ਏਅਰਲਾਈਨਜ਼ ਨੇ ਚੰਡੀਗੜ੍ਹ ਤੋਂ ਦੁਬਈ ਲਈ ਆਪਣੀ ਪਹਿਲੀ ਫਲਾਈਟ ਦਾ ਐਲਾਨ ਕੀਤਾ




**ਚੰਡੀਗੜ੍ਹ/ ਬਿਓਰੋ:** ਇੰਡੀਗੋ ਏਅਰਲਾਈਨਜ਼ ਨੇ ਚੰਡੀਗੜ੍ਹ ਤੋਂ ਦੁਬਈ ਲਈ ਆਪਣੀ ਪਹਿਲੀ ਇੰਟਰਨੈਸ਼ਨਲ ਫਲਾਈਟ ਦੀ ਤਾਰੀਕ ਤੇ ਸਮੇਂ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਲਈ ਬੁਕਿੰਗ ਵੀ ਸ਼ੁਰੂ ਹੋ ਚੁੱਕੀ ਹੈ। ਹਾਈਕੋਰਟ ਦੀ ਸਖਤੀ ਦੇ ਬਾਅਦ ਚੰਡੀਗੜ੍ਹ ਦੇ ਇੰਟਰਨੈਸ਼ਨਲ ਹਵਾਈ ਅੱਡੇ ਤੋਂ ਦੁਬਈ ਦੀ ਫਲਾਈਟ ਨੂੰ ਹਰੀ ਝੰਡੀ ਮਿਲੀ ਹੈ। ਇੰਡੀਗੋ ਏਅਰਲਾਈਨਜ਼ ਦੀ ਦੁਬਈ ਤੋਂ ਆਉਣ ਵਾਲੀ ਪਹਿਲੀ ਫਲਾਈਟ 26 ਸਤੰਬਰ 2016 ਨੂੰ ਸਵੇਰੇ 11.10 'ਤੇ ਚੰਡੀਗੜ੍ਹ ਅੰਤਰ-ਰਾਸ਼ਟਰੀ ਹਵਾਈ ਅੱਡੇ 'ਤੇ ਉੱਤਰੇਗੀ। ਇਸ ਦੇ ਨਾਲ ਹੀ ਚੰਡੀਗੜ੍ਹ ਤੋਂ ਜਾਣ ਵਾਲੀ ਪਹਿਲੀ ਫਲਾਈਟ 26 ਸਤੰਬਰ ਦੀ ਸ਼ਾਮ 4.15 'ਤੇ ਰਵਾਨਾ ਹੋਵੇਗੀ। ਕੰਪਨੀ ਨੇ ਟਿਕਟਾਂ ਦੀ ਆਨਲਾਈਨ ਵਿਕਰੀ ਵੀ ਸ਼ੁਰੂ ਕਰ ਦਿੱਤੀ ਹੈ।

ਇਸ ਦੌਰਾਨ ਸਰਕਾਰ ਤੇ ਏਅਰਪੋਰਟ ਅਥਾਰਿਟੀ ਨੇ ਕਈ ਦਾਅਵੇ ਤੇ ਮੁਸ਼ਕਲਾਂ ਗਿਣਾਈਆਂ ਪਰ ਹਾਈਕੋਰਟ ਦੀ ਸਖਤੀ ਦੇ ਬਾਅਦ ਚੰਡੀਗੜ੍ਹ• ਏਅਰਪੋਰਟ ਦੇ ਸੀ.ਈ.ਓ. ਸੁਨੀਲ ਦੱਤ ਮੁਤਾਬਕ ਏਅਰਪੋਰਟ ਅਥਾਰਿਟੀ ਨੇ ਇੰਟਰਨੈਸ਼ਨਲ ਫਲਾਈਟ ਲਈ ਸਾਰੀ ਲੋੜੀਂਦੀ ਕਾਰਵਾਈ ਪੂਰੀ ਕਰ ਲਈ ਹੈ। ਸੀ.ਈ.ਓ. ਦੱਤ ਮੁਤਾਬਕ ਆਉਣ ਵਾਲੇ ਸਮੇਂ 'ਚ ਇੰਡੀਗੋ ਤੋਂ ਇਲਾਵਾ ਹੋਰ ਵੀ ਏਅਰਲਾਈਨਜ਼ ਚੰਡੀਗੜ੍ਹ ਤੋਂ ਇੰਟਰਨੈਸ਼ਨਲ ਫਲਾਈਟ ਦੇਣਗੀਆਂ। ਉਨ੍ਹਾਂ ਮੁਤਾਬਕ ਜਿਹੜੀ ਵੀ ਏਅਰਲਾਈਨਜ਼ ਉਨ੍ਹਾਂ ਨਾਲ ਸੰਪਰਕ ਕਰੇਗੀ ਤੁਰੰਤ ਹੀ ਉਸ ਦੇ ਲਈ ਲੋੜੀਦੀ ਕਾਰਵਾਈ ਵੀ ਪੂਰੀ ਕਰ ਦਿੱਤੀ ਜਾਵੇਗੀ। ਫਿਲਹਾਲ ਲੋਕਾਂ ਨੂੰ ਇਸ ਫਲਾਈਟ ਦੇ ਸ਼ੁਰੂ ਹੋਣ ਦਾ ਇੰਤਜ਼ਾਰ ਹੈ।

# ਪੰਜਾਬ ਵਿਧਾਨ ਸਭਾ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਨੇ ਖਿੱਚੀ ਤਿਆਰੀ




**ਚੰਡੀਗੜ੍ਹ/ ਬਿਓਰੋ :** ਪੰਜਾਬ ਵਿਧਾਨ ਸਭਾ ਚੋਣਾਂ 2017 ਕਰਵਾਉਣ ਲਈ ਚੋਣ ਕਮਿਸ਼ਨ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਕੇਂਦਰੀ ਚੋਣ ਕਮਿਸ਼ਨ ਦੀ 5 ਮੈਂਬਰੀ ਟੀਮ ਨੇ 2 ਦਿਨਾਂ ਲਈ ਪੰਜਾਬ ਦੌਰਾ ਕੀਤਾ। ਦੇਸ਼ ਦੇ ਉਪ ਚੋਣ ਕਮਿਸ਼ਨਰ ਸਨਦੀਪ ਸਕਸੈਨਾ ਦੀ ਅਗਵਾਈ 'ਚ ਇਸ ਟੀਮ ਨੇ ਪੰਜਾਬ ਦੇ ਡੀ ਜੀ ਪੀ ਸੁਰੇਸ਼ ਅਰੋੜਾ ਤੇ ਸੂਬੇ ਦੇ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨਾਲ ਮੁਲਾਕਾਤ ਕੀਤੀ¢

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੀਕੇ ਸਿੰਘ ਮੁਤਾਬਕ ਚੋਣ ਕਮਿਸ਼ਨ ਦੇ ਇਸ ਦੌਰੇ ਦਾ ਮਕਸਦ ਸੂਬੇ 'ਚ ਹੋਣ ਵਾਲੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਲਈ ਦਿਸ਼ਾ ਨਿਰਦੇਸ਼ ਦੇਣਾ ਹੈ। ਕਿਉਂਕਿ ਚੋਣਾਂ ਸਮੇਂ ਸਾਰੇ ਪ੍ਰਬੰਧਾਂ ਲਈ ਵੱਡੀ ਗਿਣਤੀ ਚੋਣ ਮੁਲਾਜ਼ਮਾਂ ਦੀ ਲੋੜ ਹੈ। ਕਰੀਬ ਇੱਕ-ਡੇਡ ਲੱਖ ਮੁਲਾਜ਼ਮਾਂ ਨੂੰ ਕਿਵੇਂ ਟ੍ਰੇਨਿੰਗ ਦਿੱਤੀ ਜਾਣੀ ਹੈ, ਤਾਂ ਕਿ ਬਿਨਾਂ ਕਿਸੇ ਮੁਸ਼ਕਿਲ ਦੇ ਨਿਰਪੱਖ ਚੋਣਾਂ ਕਰਵਾਈਆਂ ਜਾ ਸਕਣ। ਇਸ ਦੇ ਲਈ ਉੱਚ ਅਧਿਕਾਰੀਆਂ ਨਾਲ ਮੁਲਾਕਾਤ ਕਰ ਚੋਣ ਕਮਿਸ਼ਨ ਦੀ ਟੀਮ ਨੇ ਹਿਦਾਇਤਾਂ ਜਾਰੀ ਕੀਤੀਆਂ ਹਨ ਤੇ ਉਨ੍ਹਾਂ ਤੋਂ ਸਹਿਯੋਗ ਮੰਗਿਆ ਹੈ।

ਇਸ ਦੇ ਨਾਲ ਹੀ ਚੋਣਾਂ ਦੌਰਾਨ ਸੂਬੇ 'ਚ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਵੱਡੀ ਗਿਣਤੀ ਪੁਲਿਸ ਬਲ ਦੀ ਤਾਇਨਾਤੀ ਕੀਤੀ ਜਾਣੀ ਹੈ। ਇਸ ਦੇ ਲਈ ਸੂਬੇ ਦੇ ਡੀਜੀਪੀ ਸੁਰੇਸ਼ ਅਰੋੜਾ ਨਾਲ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਇਹਨਾਂ ਵੱਲੋਂ ਬੀਤੇ ਦਿਨੀਂ ਸੂਬੇ ਦੇ ਮੁੱਖ ਚੋਣ ਅਧਿਕਾਰੀ ਵੀ ਕੇ ਸਿੰਘ ਨਾਲ ਵੀ ਮੁਲਾਕਾਤ ਕੀਤੀ ਗਈ ਸੀ।

# ਨਾਵਲ 'ਮੜ੍ਹੀ ਦਾ ਦੀਵਾ' ਵਾਲੇ ਨਾਵਲਕਾਰ ਗੁਰਦਿਆਲ ਸਿੰਘ ਜੈਤੋ ਦਾ ਦੇਹਾਂਤ



**ਜੈਤੋ/ ਬਿਓਰੋ :** ਵਿਸ਼ਵ ਪ੍ਰਸਿੱਧ ਮੰਨੇ-ਪ੍ਰਮੰਨੇ ਪੰਜਾਬੀ ਭਾਸ਼ਾ ਦੇ ਲਾਡਲੇ ਸਪੂਤ ਪਦਮ ਸ੍ਰੀ ਨਾਵਲਕਾਰ ਗੁਰਦਿਆਲ ਸਿੰਘ ਜੈਤੋ ਦਾ ਦੇਹਾਂਤ ਹੋ ਗਿਆ। ਉਹ ਕਈ ਮਹੀਨਿਆਂ ਤੋਂ ਬਿਮਾਰ ਸਨ। ਉਹ ਲਗਪਗ 85 ਵਰ੍ਹਿਆਂ ਦੇ ਸਨ। ਜੈਤੋ ਵਾਸੀ ਗੁਰਦਿਆਲ ਸਿੰਘ ਨੇ ਹੁਣ ਤੱਕ 9 ਨਾਵਲ, 10 ਕਹਾਣੀਆਂ ਸੰਗ੍ਰਹਿ, 3 ਵਾਰਤਕ ਕਿਤਾਬਾਂ, 10 ਬਾਲ ਸਾਹਿਤ ਸੰਗ੍ਰਹਿ, 3 ਨਾਟਕ ਅਤੇ 4 ਹੋਰ ਕਿਤਾਬਾਂ ਲਿਖ ਕੇ ਪੰਜਾਬੀ ਸਾਹਿਤ ਵਿਚ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ ਹੈ।

ਉਹਨਾਂ ਦੀਆਂ 9 ਕਿਤਾਬਾਂ ਦਾ ਹਿੰਦੀ ਵਿਚ ਅਤੇ 3 ਨਾਵਲਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਜਾ ਚੁੱਕਾ ਹੈ। ਪ੍ਰੋ. ਗੁਰਦਿਆਲ ਸਿੰਘ ਜੈਤੋ ਦੇ ਨਾਵਲ 'ਮੜ੍ਹੀ ਦਾ ਦੀਵਾ' ਦਾ ਅਨੁਵਾਦ ਰੂਸੀ ਭਾਸ਼ਾ ਵਿਚ ਵੀ ਹੋ ਚੁੱਕਾ ਹੈ। ਇਹ ਨਾਵਲ 4 ਲੱਖ ਦੀ ਗਿਣਤੀ ਵਿਚ ਪ੍ਰਕਾਸ਼ਤ ਹੋਇਆ ਹੈ। 'ਮੜ੍ਹੀ ਦਾ ਦੀਵਾ' ਨਾਵਲ ਤੇ ਹੀ ਆਧਾਰਿਤ ਫਿਲਮ ਬਣਾਈ ਗਈ ਸੀ, ਜਿਸ ਨੂੰ 1989 ਵਿਚ ਸਰਵੋਤਮ ਫਿਲਮ ਦਾ ਪੁਰਸਕਾਰ ਪ੍ਰਾਪਤ ਹੋਇਆ। ਉਹਨਾਂ ਨੇ ਨਾਵਲ 'ਪਹੁ ਫੁਟਾਲੇ ਤੋਂ ਪਹਿਲਾਂ' ਦੀ ਰਚਨਾ ਕੀਤੀ ਸੀ, ਜੋ ਕਾਫੀ ਚਰਚਾ ਦਾ ਵਿਸ਼ਾ ਰਿਹਾ ਹੈ।

ਪ੍ਰੋ. ਗੁਰਦਿਆਲ ਸਿੰਘ ਜੈਤੋ ਨੂੰ ਪਦਮਸ੍ਰੀ, ਸਾਹਿਤ ਅਕਾਦਮੀ, ਸ਼੍ਰੋਮਣੀ ਸਾਹਿਤਕਾਰ, ਪੰਜਾਬੀ ਅਕਾਦਮੀ ਅਤੇ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਆਦਿ ਅਨੇਕਾਂ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਹਨਾਂ ਨੂੰ 2001 ਵਿਚ ਭਾਰਤੀ ਗਿਆਨ ਪੀਠ ਪੁਰਸਕਾਰ ਸਭ ਤੋਂ ਉਚਾ ਮੰਨਿਆ ਜਾਂਦਾ ਹੈ। ਉਹ ਆਪਣੇ ਪਿੱਛੇ ਵਿਧਵਾ, 2 ਲੜਕੀਆਂ ਅਤੇ ਇਕ ਲੜਕਾ ਛੱਡ ਗਏ ਹਨ।

# ਨਵਜੋਤ ਸਿੱਧੂ, ਪ੍ਰਗਟ ਸਿੰਘ ਤੇ ਬੈਂਸ ਭਰਾਵਾਂ ਨੇ ਬਣਾਇਆ 'ਆਵਾਜ਼-ਏ-ਪੰਜਾਬ' ਫਰੰਟ !




**ਚੰਡੀਗੜ੍ਹ/ ਬਿਓਰੋ:** ਨਵਜੋਤ ਸਿੰਘ ਸਿੱਧੂ, ਬੈਂਸ ਭਰਾਵਾਂ ਅਤੇ ਪ੍ਰਗਟ ਸਿੰਘ ਨੇ 'ਆਵਾਜ਼-ਏ-ਪੰਜਾਬ' ਨਾਮਕ ਨਵਾਂ ਫਰੰਟ ਬਣਾਇਆ ਹੈ।

ਦੱਸਣਯੋਗ ਹੈ ਕਿ ਸਿਮਰਜੀਤ ਸਿੰਘ ਬੈਂਸ ਅਤੇ ਪ੍ਰਗਟ ਸਿੰਘ ਵਲੋਂ ਇਕ ਪੋਸਟਰ ਸੋਸ਼ਲ ਵੈਬਸਾਈਟ ਫੇਸਬੁੱਕ 'ਤੇ ਅਪਲੋਡ ਕੀਤਾ ਗਿਆ ਹੈ, ਜਿਸ ਵਿਚ ਪ੍ਰਗਟ ਸਿੰਘ, ਨਵਜੋਤ ਸਿੰਘ ਸਿੱਧੂ ਅਤੇ ਬੈਂਸ ਭਰਾ ਚਾਰੋਂ ਨਜ਼ਰ ਆ ਰਹੇ ਹਨ। ਇਸ ਪੋਸਟਰ ਦੇ ਉਤੇ 'ਆਵਾਜ਼-ਏ-ਪੰਜਾਬ' ਲਿਖਿਆ ਹੋਇਆ ਹੈ, ਜਿਸ ਨੂੰ ਪੰਜਾਬ ਵਿਚ ਚੌਥੇ ਫਰੰਟ ਵਜੋਂ ਦੇਖਿਆ ਜਾ ਰਿਹਾ ਹੈ।

ਇਸ ਦੌਰਾਨ ਸੂਤਰਾਂ ਦਾ ਕਹਿਣਾ ਹੈ ਕਿ ਇਸ ਫਰੰਟ ਵਿਚ ਕਾਂਗਰਸ ਤੋਂ ਅਲੱਗ ਹੋਏ ਜਗਮੀਤ ਬਰਾੜ ਤੋਂ ਇਲਾਵਾ 'ਆਪ' ਐਮ.ਪੀ ਧਰਮਵੀਰ ਗਾਂਧੀ, 'ਆਪ' ਦੇ ਹਟਾਏ ਗਏ ਪੰਜਾਬ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਵੀ ਨਾਲ ਆ ਸਕਦੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਇਹ ਆਗੂ ਇਕ ਫਰੰਟ 'ਤੇ ਇਕੱਠੇ ਹੁੰਦੇ ਹਨ ਤਾਂ ਇਹ ਨਾ ਕੇਵਲ ਆਮ ਆਦਮੀ ਪਾਰਟੀ ਲਈ ਬਲਕਿ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਬਲਕਿ ਕਾਂਗਰਸ ਲਈ ਵੀ ਇਕ ਚੁਣੌਤੀ ਹੋ ਸਕਦੀ ਹੈ।

# ਕੇਜਰੀਵਾਲ ਦੀ ਪਤਨੀ ਹੋਵੇਗੀ ਪੰਜਾਬ ਦੇ ਸੀ. ਐੱਮ. ਦੇ ਅਹੁਦੇ ਦੀ ਉਮੀਦਵਾਰ !



**ਚੰਡੀਗੜ੍ਹ/ ਬਿਓਰੋ :** ਪੰਜਾਬ 'ਚ ਮੁੱਖ ਮੰਤਰੀ ਦੇ ਅਹੁਦੇ ਲਈ ਖੁਦ ਅਰਵਿੰਦ ਕੇਜਰੀਵਾਲ ਜਾਂ ਉਨ੍ਹਾਂ ਦੀ ਪਤਨੀ ਸੁਨੀਤਾ ਲਈ ਰਸਤਾ ਸਾਫ ਕੀਤਾ ਜਾ ਰਿਹਾ ਹੈ। ਇਥੇ ਆਮ ਆਦਮੀ ਪਾਰਟੀ ਦਾ ਸੀ.ਐੱਮ. ਬਣਨ ਦਾ ਜੋ ਵੀ ਸੁਪਨਾ ਪਾਲੇਗਾ, ਉਸ ਨੂੰ ਛੋਟੇਪੁਰ ਵਾਂਗ ਕੁਰਬਾਨੀ ਦੇਣ ਲਈ ਤਿਆਰ ਰਹਿਣਾ ਹੋਵੇਗਾ। ਇਹ ਖੁਲਾਸਾ ਕਿਸੇ ਹੋਰ ਨੇ ਨਹੀਂ ਸਗੋਂ ਖੁਦ ਆਮ ਆਦਮੀ ਪਾਰਟੀ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਹੀ ਕੀਤਾ ਹੈ।

ਛੋਟੇਪੁਰ ਦਾ ਕਹਿਣਾ ਹੈ ਕਿ ਪੰਜਾਬ 'ਚ ਕੇਜਰੀਵਾਲ ਆਪਣੀ ਪਤਨੀ ਸੁਨੀਤਾ ਨੂੰ ਸ੍ਰੀ ਫਤਿਹਗੜ੍ਹ• ਸਾਹਿਬ ਤੋਂ ਚੋਣ ਲੜਾ ਸਕਦੇ ਹਨ। ਸੁਨੀਤਾ ਮੂਲ ਰੂਪ 'ਚ ਸ੍ਰੀ ਫਤਿਹਗੜ੍ਹ• ਸਾਹਿਬ ਦੀ ਹੀ ਰਹਿਣ ਵਾਲੀ ਹੈ। ਇਹ ਗੱਲ ਵੀ ਸਾਹਮਣੇ ਆ ਰਹੀ ਹੈ ਕਿ ਆਉਣ ਵਾਲੇ ਦਿਨਾਂ 'ਚ ਆਮ ਆਦਮੀ ਪਾਰਟੀ ਦੇ ਕਈ ਹੋਰ ਵੱਡੇ ਆਗੂਆਂ ਦੀ ਛੁੱਟੀ ਹੋ ਸਕਦੀ ਹੈ। ਦੱਸਣਯੋਗ ਹੈ ਕਿ ਮਾਝਾ ਖੇਤਰ 'ਚ ਛੋਟੇਪੁਰ ਵੱਡੀ ਭੂਮਿਕਾ ਨਿਭਾ ਸਕਦੇ ਸਨ ਪਰ ਹੁਣ ਉਨ੍ਹਾਂ ਦੇ ਜਾਣ ਪਿੱਛੋਂ ਹੁਣ ਕੋਈ ਵੱਡਾ ਸਿੱਖ ਚਿਹਰਾ ਨਹੀਂ ਰਹਿ ਗਿਆ ਹੈ। ਛੋਟੇਪੁਰ ਨੂੰ ਕਨਵੀਨਰ ਤੋਂ ਹਟਾਏ ਜਾਣ ਦਾ ਮਾਮਲਾ ਸਮਾਜਿਕ ਅਤੇ ਸਿਆਸੀ ਹਲਕਿਆਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਇਹ ਸਵਾਲ ਉੱਠ ਖੜ੍ਹਾ ਹੋਇਆ ਹੈ ਕਿ ਆਮ ਆਦਮੀ ਪਾਰਟੀ ਨੇ ਅਜੇ ਤਕ ਛੋਟੇਪੁਰ ਨਾਲ ਜੁੜੇ ਸਟਿੰਗ ਦੀ ਵੀਡੀਓ ਨੂੰ ਜਨਤਕ ਕਿਉਂ ਨਹੀਂ ਕੀਤਾ। ਇਹ ਸਵਾਲ ਵੀ ਹੈ ਕਿ ਪਾਰਟੀ ਦੇ ਵੱਡੇ ਨੇਤਾ ਬੀਤੇ ਦੋ ਸਾਲ ਤੋਂ ਪਾਰਟੀ ਲਈ ਜੋ ਮੁਹਿਮ ਚਲਾ ਰਹੇ ਸਨ, ਲਈ ਪੈਸਾ ਕਿਥੋਂ ਆ ਰਿਹਾ ਸੀ। ਇਸ ਸਬੰਧੀ ਕੋਈ ਵੀ ਕੁਝ ਵੀ ਦੱਸਣ ਲਈ ਤਿਆਰ ਨਹੀਂ।

ਨਵਜੋਤ ਸਿੰਘ ਸਿੱਧੂ ਨੇ 'ਆਪ' ਨਾਲੋਂ ਦੂਰੀ ਬਣਾ ਲਈ ਹੈ। ਪਹਿਲਾਂ ਸਿੱਧੂ ਨਾਲ ਸਾਰੀਆਂ ਗੱਲਾਂ ਤੈਅ ਹੋ ਗਈਆਂ ਸਨ ਅਤੇ ਸਿੱਧੂ ਨੇ ਰਾਜ ਸਭਾ ਦੀ ਮੈਂਬਰੀ ਛੱਡ ਦਿੱਤੀ ਪਰ ਬਾਅਦ 'ਚ ਇਹ ਗੱਲ ਫੈਲ ਗਈ ਕਿ ਸਿੱਧੂ ਪੰਜਾਬ ਦੇ ਸੀ. ਐੱਮ. ਦੇ ਅਹੁਦੇ ਦੇ ਉਮੀਦਵਾਰ ਹੋਣਗੇ। ਉਨ੍ਹਾਂ ਦੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਬਾਰੇ ਚਰਚੇ ਵੀ ਚੱਲ ਰਹੇ ਸਨ ਪਰ ਹੁਣ ਇਸ ਸਬੰਧੀ ਕੋਈ ਕੁਝ ਨਹੀਂ ਬੋਲ ਰਿਹਾ।

